**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਹੈਡਮਾਸਟਰਜ਼,
ਦਿਹਾਤੀ ਸਕੂਲ,

ਮੀਮੋ ਨੰ ਸਸਅ/ਐਜੁਸੈਂਟ/2011/ 19045
ਮਿਤੀ ਚੰਡੀਗੜ੍ਹ 22 ਮਾਰਚ, 2011

ਵਿਸ਼ਾ: ਆਈ.ਆਈ.ਟੀ. ਵਿੱਚ ਦਾਖਲਾ ਲੈਣ ਲਈ ਸੁਪਰ-50 ਪ੍ਰੋਜੈਕਟ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਸ਼ਹੀਦ ਭਗਤ ਸਿੰਘ ਕਾਲਜ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ ਮੋਗਾ ਰੋਡ ਫਿਰੋਜ਼ਪੁਰ ਵਿੱਚ ਸੁਪਰ-50 ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਵਿੱਚ ਦਿਹਾਤੀ ਸਕੂਲਾਂ ਦੇ ਬੱਚਿਆਂ ਨੂੰ +1 ਅਤੇ +2 ਦੀਆਂ ਕਲਾਸਾਂ ਦੇ ਨਾਲ ਨਾਲ ਆਈ.ਆਈ.ਟੀ. ਵਿੱਚ ਦਾਖਲਾ ਲੈਣ ਦੀ ਕੋਚਿੰਗ ਦਿੱਤੀ ਜਾਵੇਗੀ। ਇਸ ਪੜ੍ਹਾਈ ਦੌਰਾਨ ਬੱਚਿਆਂ ਦੀ ਫੀਸ, ਖਾਣ-ਪੀਣ, ਰਹਿਣ, ਵਰਦੀ ਆਦਿ ਦੇ ਸਾਰੇ ਖਰਚੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਦਿੱਤੇ ਜਾਣਗੇ।

ਉਪਰੋਕਤ ਸਬੰਧੀ ਪੰਜਾਬ ਦੇ ਉੱਘੇ ਅਖ਼ਬਾਰਾਂ ਵਿਚ ਮਿਤੀ 20.3.2011 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ ਅਤੇ ਹੋਰ ਇਸ਼ਤਿਹਾਰ ਵੀ ਦਿੱਤੇ ਜਾ ਰਹੇ ਹਨ।

ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਸਕੂਲ ਵਿੱਚ ਦਸਵੀਂ ਵਿੱਚ ਪੜ੍ਹ ਰਹੇ ਦਿਹਾਤੀ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਮੈਰਿਟ ਵਿਚ ਉਪਰਲੇ ਪੰਜ ਬੱਚਿਆਂ ਨੂੰ ਮਿਤੀ 1.4.2011 ਤੋਂ 20.4.2011 ਤੱਕ ਅਪਲਾਈ ਕਰਾਉਣਾ, ਮਿਤੀ 8.5.2011 ਨੂੰ ਇਮਤਿਹਾਨ

ਵਿਚ ਬਿਠਾਉਣਾ ਅਤੇ ਬੱਚਿਆਂ ਦੇ ਦਿਹਾਤੀ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਸਬੰਧੀ ਸਰਟੀਫਿਕੇਟ ਬਣਾਉਣਾ ਯਕੀਨੀ ਬਣਾਓਗੇ।

ਇਸ ਸਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਮਤਿਹਾਨਾਂ ਦੇ ਕੇਂਦਰਾਂ ਬਾਰੇ ਸੂਚਨਾ ਪੀ.ਟੀ.ਯੂ. ਵੱਲੋਂ ਦਿੱਤੀ ਜਾਵੇਗੀ । ਇਹ ਵੀ ਸਪੱਸ਼ਟ ਕੀਤਾਹ ਜਾਂਦਾ ਹੈ ਕਿ ਪ੍ਰੀਖਿਆਰਥੀ ਬੱਚਿਆਂ ਨੂੰ ਸਕੂਲ ਤੋਂ ਪ੍ਰੀਖਿਆ ਕੇਂਦਰ ਤੀਕ ਲਿਜਾਉਣ ਅਤੇ ਵਾਪਸ ਪਹੁੰਚਾਉਣ ਦੇ ਖਰਚੇ ਦੀ ਪ੍ਰਤਿਪੂਰਤੀ ਪੀ.ਟੀ.ਯੂ. ਵੱਲੋਂ ਸਕੂਲ ਨੂੰ ਉਸੀ ਦਿਨ ਕੀਤੀ ਜਾਵੇਗੀ ।

ਇਸ ਸਬੰਧ ਵਿਚ ਵਧੇਰੇ ਜਾਣਕਾਰੀ ਲਈ ਡਾਕਟਰ ਏ.ਕੇ ਤਿਆਗੀ ਪ੍ਰੋਫੈਸਰ ਅਤੇ ਵਿਭਾਗੀ ਮੁਖੀ ਨੂੰ ਈ.ਮੇਲ super50.pb@gmail.com ਅਤੇ ਮੋਬਾਇਲ ਫੋਨ ਨੰ. 8054100711 ਤੇ ਜਾਣਕਾਰੀ ਲਈ ਜਾ ਸਕਦੀ ਹੈ। ਇਸ ਪ੍ਰੋਗਰਾਮ ਸਬੰਧੀ ਬੱਚਿਆਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦੇਣੀ ਯਕੀਨੀ ਬਣਾਈ ਜਾਵੇ। ਇਸ ਸਬੰਧ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਅਤੇ ਲਾਪਰਵਾਹੀ ਲਈ ਆਪ ਨਿੱਜੀ ਤੌਰ ਤੇ ਜਿੰਮੇਵਾਰ ਹੋਵੋਗੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਉਕਤ 19046 ਮਿਤੀ 21-03-2011

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ